بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਾ ਫ਼ਤਹਿ ਮੱਕਾ ਦੇ ਦੌਰਾਨ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਆਪਣੇ ਸਹਾਬਾ ਨਾਲ ਮੱਕੇ ਵਿੱਚ ਦਾਖ਼ਿਲ ਹੋਣ ਅਤੇ ਅਬੂ ਸੁਫ਼ਯਾਨ ਦੇ ਇਸਲਾਮ ਕ਼ਬੂਲ ਕਰਨ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 27 ਜੂਨ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ اِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਫ਼ੌਜ ਦੇ ਨਾਲ ਖ਼ਾਮੋਸ਼ੀ ਨਾਲ ਮੱਕੇ ਦੇ ਕ਼ਰੀਬ ਪਹੁੰਚਣ ਅਤੇ ਪੜਾਅ ਕਰਨ ਦਾ ਜ਼ਿਕਰ ਹੋ ਰਿਹਾ ਸੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ 10 ਹਜ਼ਾਰ ਜਗ੍ਹਾ ਅੱਗਾਂ ਰੋਸ਼ਨ ਕਰਵਾਈਆਂ, ਅਬੂ ਸੁਫ਼ਯਾਨ ਅਤੇ ਉਸਦੇ ਸਾਥੀਆਂ ਨੇ ਇਸ ਚੀਜ਼ ਨੂੰ ਦੇਖਿਆ ਅਤੇ ਸਖ਼ਤ ਘਬਰਾ ਗਏ। ਇਸ ਦੀ ਕੁੱਝ ਤਫ਼ਸੀਲ ਪਹਿਲਾਂ ਬਿਆਨ ਹੋਈ ਸੀ, ਇਸ ਬਾਰੇ ਹੋਰ ਤਫ਼ਸੀਲ ਬਿਆਨ ਕਰਦਾ ਹਾਂ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਇਹ ਤਫ਼ਸੀਲ ਇੱਕ ਜਗ੍ਹਾ ਕੁੱਝ ਇਸ ਤਰ੍ਹਾਂ ਬਿਆਨ ਕਰਦੇ ਹਨ ਕਿ ਹਜ਼ਰਤ ਅੱਬਾਸ ਰਜ਼ਿ ਅੱਲਾਹੁ ਅਨਹੁ ਕਿਉਂਕਿ ਅਬੂ ਸੁਫ਼ਯਾਨ ਦੇ ਪੁਰਾਣੇ ਦੋਸਤ ਸਨ ਇਸ ਲਈ ਉਹਨਾਂ ਨੇ ਉਸ ਨੂੰ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਲੈ ਜਾਣ ਤੇ ਸਹਿਮਤ ਕੀਤਾ ਅਤੇ ਆਪਣੇ ਨਾਲ ਊਠ 'ਤੇ ਬਿਠਾ ਕੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਮਜਲਿਸ ਵਿੱਚ ਪਹੁੰਚਾ ਦਿੱਤਾ। ਅਬੂ ਸੁਫ਼ਯਾਨ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕ਼ਰੀਬ ਪਹੁੰਚਿਆ ਤਾਂ ਇਸਲਾਮੀ ਫ਼ੌਜ ਦੀ ਸ਼ਾਨੋ ਸ਼ੌਕਤ ਅਤੇ ਪ੍ਰਬੰਧ ਦੇਖ ਕੇ ਹੈਰਤ ਅਤੇ ਭੈ ਵਿੱਚ ਪੈ ਗਿਆ। ਉਸ ਦੇ ਦਿਲ ਵਿੱਚ ਸ਼ਦੀਦ ਤਬਦੀਲੀ ਆ ਚੁੱਕੀ ਸੀ। ਕਿਉਂਕਿ ਉਹ ਅਜੇ ਸੱਤ ਸਾਲ ਪਹਿਲਾਂ ਦੇ ਦਿਨ ਯਾਦ ਕਰ ਰਿਹਾ ਸੀ ਜਦ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਮੱਕਾ 'ਚੋਂ ਕੱਢੇ ਗਏ ਸਨ ਅਤੇ ਅੱਜ ਉਹੀ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ 10 ਹਜ਼ਾਰ ਦੀ ਫ਼ੌਜ ਦੇ ਨਾਲ ਵਾਪਸ ਆ ਚੁੱਕੇ ਸਨ, ਬਗ਼ੈਰ ਕਿਸੇ ਜ਼ੁਲਮ ਜ਼ਿਆਦਤੀ ਦੇ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਅਬੂ ਸੁਫ਼ਯਾਨ ਦੀ ਹਾਲਤ ਦੇਖ ਕੇ ਫ਼ਰਮਾਇਆ ਕਿ ਉਸਨੂੰ ਰਾਤ ਹਜ਼ਰਤ ਅੱਬਾਸ ਰਜ਼ਿ ਅੱਲਾਹੁ ਅਨਹੁ ਦੇ ਨਾਲ ਰਹਿਣ ਦਿੱਤਾ ਜਾਵੇ ਤਾਂ ਜੋ ਉਹ ਹਾਲਾਤ ਨੂੰ ਆਪ ਦੇਖ ਕੇ ਸਮਝ ਸਕੇ। ਜਦ ਫ਼ਜਰ ਹੋਈ ਤਾਂ ਅਬੂ ਸੁਫ਼ਯਾਨ ਨੇ ਮੁਸਲਮਾਨਾਂ ਨੂੰ ਵਜ਼ੂ ਕਰਦੇ, ਸਫ਼ਾਂ ਬਣਾਉਂਦਿਆਂ ਅਤੇ ਨਮਾਜ਼ ਪੜ੍ਹਦੇ ਦੇਖਿਆ ਤਾਂ ਘਬਰਾ ਗਿਆ ਕਿ ਸ਼ਾਇਦ ਇਹ ਕੋਈ ਨਵੀਂ ਸਜ਼ਾ ਹੈ। ਹਜ਼ਰਤ ਅੱਬਾਸ ਰਜ਼ਿ ਅੱਲਾਹੁ ਅਨਹੁ ਨੇ ਉਸ ਨੂੰ ਦੱਸਿਆ ਕਿ ਇਹ ਨਮਾਜ਼ ਹੈ। ਨਮਾਜ਼ ਦੇ ਦੌਰਾਨ ਜਦ ਅਬੂ ਸੁਫ਼ਯਾਨ ਨੇ ਦੇਖਿਆ ਕਿ ਹਜ਼ਾਰਾਂ ਮੁਸਲਮਾਨ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਪਿੱਛੇ ਰੁਕੂਅ ਅਤੇ ਸਜਦਾ ਕਰ ਰਹੇ ਹਨ ਤਾਂ ਉਸਨੇ ਹਜ਼ਰਤ ਅੱਬਾਸ ਰਜ਼ਿ ਅੱਲਾਹੁ ਅਨਹੁ ਨੂੰ ਕਿਹਾ ਕਿ ਮੈਂ ਕਿਸਰਾ ਅਤੇ ਕ਼ੈਸਰ ਦੇ ਦਰਬਾਰ ਦੇਖੇ ਹਨ ਪਰ ਅਜਿਹੀ ਵਫ਼ਾਦਾਰ ਕ਼ੌਮ ਨਹੀਂ ਦੇਖੀ ਜੈਸੀ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਦੇ ਨਾਲ ਹੈ। ਹਜ਼ਰਤ ਅੱਬਾਸ ਰਜ਼ਿ ਅੱਲਾਹੁ ਅਨਹੁ ਨੇ ਫਿਰ ਕਿਹਾ ਕਿ ਹੁਣ ਬਿਹਤਰ ਹੈ ਕਿ ਤੂੰ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲ ਮੁਆਫ਼ੀ ਦੀ ਦਰਖ਼ਾਸਤ ਕਰੇਂ। ਜਦ ਨਮਾਜ਼ ਖ਼ਤਮ

ਹੋਈ ਤਾਂ ਹਜ਼ਰਤ ਅੱਬਾਸ ਰਜ਼ਿ ਅੱਲਾਹੁ ਅਨਹੁ ਅਬੂ ਸੁਫ਼ਯਾਨ ਨੂੰ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਲੈ ਗਏ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਅਬੂ ਸੁਫ਼ਯਾਨ ਕੋਲੋਂ ਤੌਹੀਦ ਅਤੇ ਰਸਾਲਤ 'ਤੇ ਇਮਾਨ ਲਿਆਉਣ ਬਾਰੇ ਸਵਾਲ ਕੀਤਾ। ਅਬੂ ਸੁਫ਼ਯਾਨ ਨੇ ਤੌਹੀਦ ਨੂੰ ਤਾਂ ਮੰਨ ਲਿਆ ਪਰ ਰਸਾਲਤ ਦੇ ਬਾਰੇ ਕੁੱਝ ਰੱਦ ਜ਼ਾਹਿਰ ਕੀਤਾ, ਹਾਲਾਂਕਿ ਉਸ ਦੇ ਸਾਥੀ ਹਕੀਮ ਬਿਨ ਹਜ਼ਾਮ ਅਤੇ ਇੱਕ ਹੋਰ ਸ਼ਖ਼ਸ ਮੁਸਲਮਾਨ ਹੋ ਗਏ ਸਨ। ਬਾਅਦ ਵਿੱਚ ਅਬੂ ਸੁਫ਼ਯਾਨ ਨੇ ਵੀ ਇਸਲਾਮ ਕ਼ਬੂਲ ਕਰ ਲਿਆ ਪਰ ਉਸ ਦਾ ਦਿਲ ਮੁਕੰਮਲ ਤੌਰ 'ਤੇ ਫ਼ਤਹਿ ਮੱਕਾ ਦੇ ਬਾਅਦ ਖੁੱਲ੍ਹਿਆ। ਹਕੀਮ ਬਿਨ ਹਜ਼ਾਮ ਰਜ਼ਿ ਅੱਲਾਹੁ ਅਨਹੁ ਨੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲੋਂ ਸਵਾਲ ਕੀਤਾ ਕਿ ਕੀ ਇਹ ਫ਼ੌਜ ਆਪਣੀ ਹੀ ਕ਼ੌਮ ਨੂੰ ਹਲਾਕ ਕਰਨ ਆਈ ਹੈ? ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸਪਸ਼ਟੀਕਰਨ ਕੀਤਾ ਕਿ ਮੱਕੇ ਵਾਲਿਆਂ ਨੇ ਜ਼ੁਲਮ ਅਤੇ ਬਦ ਅਹਿਦੀ ਕੀਤੀ, ਹਰਮ ਵਿੱਚ ਖ਼ੂਨ ਵਗਾਇਆ, ਇਸ ਲਈ ਇਹ ਕ਼ਦਮ ਜ਼ਰੂਰੀ ਸੀ। ਫਿਰ ਵੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸਪਸ਼ਟ ਕੀਤਾ ਕਿ ਜਿਹੜੇ ਲੋਕ ਤਲਵਾਰ ਨਾ ਚੁੱਕਣਗੇ ਜਾਂ ਘਰਾਂ ਵਿੱਚ ਮਹਿਫ਼ੂਜ਼ ਰਹਿਣਗੇ ਜਾਂ ਅਬੂ ਸੁਫ਼ਯਾਨ, ਹਕੀਮ ਬਿਨ ਹਜ਼ਾਮ ਜਾਂ ਮਸਜਿਦ ਹਰਾਮ ਵਿੱਚ ਪਨਾਹ ਲੈਣਗੇ ਉਹਨਾਂ ਨੂੰ ਅਮਨ ਦਿੱਤਾ ਜਾਵੇਗਾ।

ਹਜ਼ਰਤ ਅੱਬਾਸ ਰਜ਼ਿ ਅੱਲਾਹੁ ਅਨਹੁ ਨੇ ਅਬੂ ਸੁਫ਼ਯਾਨ ਦੇ ਬਾਰੇ ਖ਼ਦਸ਼ਾ ਜ਼ਾਹਿਰ ਕੀਤਾ ਕਿ ਉਸ ਦਾ ਇਸਲਾਮ ਅਜੇ ਕਮਜ਼ੋਰ ਹੈ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਉਸ ਨੂੰ ਰੋਕ ਲਿਆ ਜਾਵੇ ਤਾਂ ਜੋ ਉਹ ਇਸਲਾਮੀ ਫ਼ੌਜ ਨੂੰ ਆਪਣੀਆਂ ਅੱਖਾਂ ਨਾਲ਼ ਦੇਖੇ। ਚੁਨਾਂਚੇ ਹਜ਼ਰਤ ਅੱਬਾਸ ਰਜ਼ਿ ਅੱਲਾਹੁ ਅਨਹੁ ਨੇ ਅਬੂ ਸੁਫ਼ਯਾਨ ਨੂੰ ਇੱਕ ਘਾਟੀ ਵਿੱਚ ਰੋਕ ਲਿਆ ਜਿੱਥੋਂ ਕ਼ਬੀਲਿਆਂ ਦੀ ਫ਼ੌਜ ਲੰਘਣ ਲੱਗੀ। ਅਬੂ ਸੁਫ਼ਯਾਨ ਨੇ ਇਸਲਾਮੀ ਫ਼ੌਜ ਦੀ ਸ਼ਾਨਦਾਰ ਤਾਕ਼ਤ ਦੇਖੀ। ਅਨਸਾਰ ਦੇ ਦਸਤੇ ਦੇ ਸਰਦਾਰ ਹਜ਼ਰਤ ਸਾਅਦ ਬਿਨ ਉਬਾਦਾ ਰਜ਼ਿ ਅੱਲਾਹੁ ਅਨਹੁ ਨੇ ਜੋਸ਼ ਵਿੱਚ ਕਿਹਾ ਕਿ ਅੱਜ ਲੜਾਈ ਦਾ ਦਿਨ ਹੈ, ਅੱਜ ਕਾਅਬਾ ਦੀ ਹੁਰਮਤ ਬਾਕ਼ੀ ਨਾ ਰਹੇਗੀ, ਜਿਸ 'ਤੇ ਅਬੂ ਸੁਫ਼ਯਾਨ ਨੇ ਟਿੱਪਣੀ ਕੀਤੀ ਕਿ ਇਹ ਦਿਨ ਤਬਾਹੀ ਦਾ ਦਿਨ ਹੋ ਸਕਦਾ ਹੈ। ਫਿਰ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਆਪ ਵੀ ਇੱਕ ਫ਼ੌਜ ਦੇ ਨਾਲ਼ ਆਏ ਜਿਸ ਦਾ ਝੰਡਾ ਹਜ਼ਰਤ ਜ਼ੁਬੈਰ ਬਿਨ ਅਵਾਮ ਰਜ਼ਿ ਅੱਲਾਹੁ ਅਨਹੁ ਦੇ ਕੋਲ਼ ਸੀ। ਇੱਕ ਦੂਸਰੀ ਰਿਵਾਇਤ ਦੇ ਮੁਤਾਬਿਕ਼ ਜਦ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਅਬੂ ਸੁਫ਼ਯਾਨ ਦੇ ਕੋਲੋਂ ਲੰਘੇ ਤਾਂ ਉਸਨੇ ਕਿਹਾ ਕਿ ਯਾ ਰਸੂਲੁੱਲਾਹ (ਸੱਲ-ਲੱਲਾਹੁ ਅਲੈਹਿ-ਵਸੱਲਮ)! ਕੀ ਤੁਸੀਂ ਆਪਣੀ ਕ਼ੌਮ ਦੇ ਕ਼ਤਲਿ ਆਮ ਦਾ ਹੁਕਮ ਦੇ ਦਿੱਤਾ ਹੈ? ਕੀ ਤੁਸੀਂ ਨਹੀਂ ਜਾਣਦੇ ਕਿ ਸਾਅਦ ਬਿਨ ਉਬਾਦਾ ਇਸ ਇਸ ਤਰ੍ਹਾਂ ਕਹਿ ਰਿਹਾ ਸੀ? ਮੈਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਕ਼ੌਮ ਦੇ ਬਾਰੇ ਅੱਲਾਹ ਤਆਲਾ ਦਾ ਵਾਸਤਾ ਦਿੰਦਾ ਹਾਂ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਸਾਰੇ ਲੋਕਾਂ ਤੋਂ ਜ਼ਿਆਦਾ ਪਾਕਬਾਜ਼, ਸਿਲਾ ਰਹਿਮੀ ਕਰਨ ਵਾਲ਼ੇ, ਰਹਿਮ ਫ਼ਰਮਾਉਣ ਵਾਲ਼ੇ ਹੋ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਸਾਅਦ ਨੇ ਗ਼ਲਤ ਕਿਹਾ! ਅੱਜ ਦਾ ਦਿਨ ਤਾਂ ਰਹਿਮਤ ਦਾ ਦਿਨ ਹੈ, ਅੱਜ ਅੱਲਾਹ ਤਆਲਾ ਕਾਅਬਾ ਨੂੰ ਅਜ਼ਮਤ ਅਤਾ ਕਰੇਗਾ ਅਤੇ ਅੱਲਾਹ ਤਆਲਾ ਕ਼ੁਰੈਸ਼ ਨੂੰ ਹਕ਼ੀਕ਼ੀ ਇੱਜ਼ਤ ਅਤਾ ਫ਼ਰਮਾਏਗਾ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਸਾਅਦ ਰਜ਼ਿ ਅੱਲਾਹੁ ਅਨਹੁ ਵੱਲ ਪੈਗ਼ਾਮ ਭੇਜਿਆ ਅਤੇ ਉਹਨਾਂ ਕੋਲੋਂ ਝੰਡਾ ਲਿਆ ਅਤੇ ਉਹਨਾਂ ਦੇ ਬੇਟੇ ਹਜ਼ਰਤ ਕ਼ੈਸ ਰਜ਼ਿ ਅੱਲਾਹੁ ਅਨਹੁ ਨੂੰ ਅਤਾ ਕਰ ਦਿੱਤਾ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਇਸ ਬਾਰੇ ਬਿਆਨ ਫ਼ਰਮਾਉਂਦੇ ਹਨ ਕਿ ਇਸ ਤਰ੍ਹਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮੱਕੇ ਵਾਲਿਆਂ ਦਾ ਦਿਲ ਵੀ ਰੱਖ ਲਿਆ ਅਤੇ ਅਨਸਾਰ ਦੇ ਦਿਲਾਂ ਨੂੰ ਵੀ ਸਦਮਾ ਪਹੁੰਚਣ ਤੋਂ ਮਹਿਫ਼ੂਜ਼ ਰੱਖਿਆ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਹਜ਼ਰਤ ਕ਼ੈਸ ਰਜ਼ਿ ਅੱਲਾਹੁ ਅਨਹੁ 'ਤੇ ਪੂਰਾ ਭਰੋਸਾ ਸੀ ਕਿਉਂਕਿ ਹਜ਼ਰਤ ਕ਼ੈਸ ਰਜ਼ਿ ਅੱਲਾਹੁ ਅਨਹੁ ਨਿਹਾਇਤ ਹੀ ਸ਼ਰੀਫ਼ ਤਬੀਅਤ ਦੇ ਨੌਜਵਾਨ ਸਨ। ਇਬਨਿ ਅਬੀ ਸ਼ੀਬਾ ਨੇ ਰਿਵਾਇਤ ਕੀਤਾ ਹੈ ਕਿ ਹਜ਼ਰਤ ਅੱਬਾਸ ਰਜ਼ਿ ਅੱਲਾਹੁ ਅਨਹੁ ਨੇ ਕਿਹਾ ਕਿ ਯਾ ਰਸੂਲੁੱਲਾਹ (ਸੱਲ-ਲੱਲਾਹੁ ਅਲੈਹਿ-ਵਸੱਲਮ)! ਤੁਸੀਂ ਮੈਨੂੰ ਇਜਾਜ਼ਤ ਦਿਓ ਤਾਂ ਮੈਂ ਮੱਕੇ ਦੇ ਵਸਨੀਕਾਂ ਕੋਲ਼ ਜਾਵਾਂ ਅਤੇ ਉਹਨਾਂ ਨੂੰ ਦਾਅਵਤ ਦੇਵਾਂ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਉਹਨਾਂ ਨੂੰ ਅਮਨ ਅਤਾ ਕਰ ਦਿਓ। ਚੁਨਾਂਚੇ ਉਹ ਰਸੂਲੁੱਲਾਹ ਸੱਲ-ਲੱਲਾਹੁ

ਅਲੈਹਿ-ਵਸੱਲਮ ਦੇ ਚਿੱਟੇ ਸ਼ਹਬਾਅ ਨਾਮੀ ਖ਼ੱਚਰ 'ਤੇ ਸਵਾਰ ਹੋ ਕੇ ਰਵਾਨਾ ਹੋ ਗਏ। ਉਹ ਮੱਕੇ ਵਿੱਚ ਦਾਖ਼ਿਲ ਹੋਏ ਅਤੇ ਉਹਨਾਂ ਨੇ ਕਿਹਾ ਕਿ ਐ ਮੱਕੇ ਦੇ ਵਸਨੀਕੋ! ਇਸਲਾਮ ਕ਼ਬੂਲ ਕਰ ਲਵੋ, ਨਿਜਾਤ ਪਾ ਜਾਓਗੇ। ਤੁਹਾਡੇ ਕੋਲ਼ ਇੰਨੀ ਵੱਡੀ ਫ਼ੌਜ ਆਈ ਹੈ ਜਿਸ ਦਾ ਮੁਕ਼ਾਬਲਾ ਕਰਨ ਦੀ ਤੁਹਾਡੇ ਵਿੱਚ ਤਾਕ਼ਤ ਨਹੀਂ ਹੈ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਬਿਆਨ ਫ਼ਰਮਾਉਂਦੇ ਹਨ ਕਿ ਜਦਕਿ ਅਬੂ ਸੁਫ਼ਯਾਨ ਆਪਣੇ ਦਿਲ ਵਿੱਚ ਖ਼ੁਸ਼ ਸੀ ਕਿ ਮੈਂ ਮੱਕੇ ਦੇ ਲੋਕਾਂ ਦੀ ਨਿਜਾਤ ਦਾ ਰਸਤਾ ਕੱਢ ਲਿਆ ਹੈ, ਉਸ ਦੀ ਪਥੀਵੀ ਹਿੰਦਾ, ਜਿਹੜੀ ਇਸਲਾਮ ਦੇ ਸ਼ੁਰੂ ਤੋਂ ਮੁਸਲਮਾਨਾਂ ਨਾਲ਼ ਦੁਸ਼ਮਣੀ ਰੱਖਣ ਦੀ ਤਾਲੀਮ ਲੋਕਾਂ ਨੂੰ ਦਿੰਦੀ ਚਲੀ ਆਈ ਸੀ ਅਤੇ ਬਾਵਜੂਦ ਕਾਫ਼ਿਰ ਹੋਣ ਦੇ ਅਸਲ ਵਿੱਚ ਇੱਕ ਬਹਾਦੁਰ ਔਰਤ ਸੀ, ਅੱਗੇ ਵੱਧ ਕੇ ਆਪਣੇ ਸ਼ੌਹਰ ਦੀ ਦਾੜ੍ਹੀ ਫੜੀ ਅਤੇ ਮੱਕੇ ਵਾਲਿਆਂ ਨੂੰ ਆਵਾਜ਼ਾਂ ਦੇਣੀਆਂ ਸ਼ੁਰੂ ਕੀਤੀਆਂ ਕਿ ਆਓ ਇਸ ਬੁੱਢੇ ਬੇਵਕੂਫ਼ ਨੂੰ ਕ਼ਤਲ ਕਰ ਦਿਓ ਕਿ ਬਜਾਏ ਇਸ ਦੇ ਕਿ ਇਹ ਤੁਹਾਨੂੰ ਨਸੀਹਤ ਕਰਦਾ ਕਿ ਜਾਓ ਅਤੇ ਆਪਣੀਆਂ ਜਾਨਾਂ ਅਤੇ ਸ਼ਹਿਰ ਦੀ ਇੱਜ਼ਤ ਦੇ ਲਈ ਲੜਦੇ ਹੋਏ ਮਾਰੇ ਜਾਓ ਇਹ ਤੁਹਾਡੇ ਵਿੱਚ ਅਮਨ ਦਾ ਐਲਾਨ ਕਰ ਰਿਹਾ। ਅਬੂ ਸੁਫ਼ਯਾਨ ਨੇ ਉਸ ਦੀ ਹਰਕਤ ਨੂੰ ਦੇਖ ਕੇ ਕਿਹਾ ਕਿ ਬੇਵਕੂਫ਼ ਇਹ ਇਹਨਾਂ ਗੱਲਾਂ ਦਾ ਵੇਲ਼ਾ ਨਹੀਂ, ਜਾ ਅਤੇ ਆਪਣੇ ਘਰ ਵਿੱਚ ਲੁੱਕ ਜਾ, ਮੈਂ ਉਸ ਫ਼ੌਜ ਨੂੰ ਦੇਖ ਕੇ ਆਇਆ ਹਾਂ ਜਿਸ ਫ਼ੌਜ ਦੇ ਮੁਕ਼ਾਬਲੇ ਦੀ ਤਾਕ਼ਤ ਸਾਰੇ ਅਰਬ ਵਿੱਚ ਨਹੀਂ ਹੈ।

ਇਸਲਾਮੀ ਫ਼ੌਜ ਦੇ ਮੱਕੇ ਵਿੱਚ ਦਾਖ਼ਿਲ ਹੋਣ ਦਾ ਵਾਕ਼ਿਆ ਬੁਖ਼ਾਰੀ ਵਿੱਚ ਲਿਖਿਆ ਹੈ ਕਿ ਹਜ਼ਰਤ ਉਰਵਾ ਰਜ਼ਿ ਅੱਲਾਹੁ ਅਨਹੁ ਤੋਂ ਰਿਵਾਇਤ ਹੈ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਜ਼ੁਬੈਰ ਰਜ਼ਿ ਅੱਲਾਹੁ ਅਨਹੁ ਨੂੰ ਹੁਕਮ ਦਿੱਤਾ ਕਿ ਮੱਕੇ ਦੇ ਉਪਰੀ ਹਿੱਸੇ ਕਦਾਅ ਤੋਂ ਦਾਖ਼ਿਲ ਹੋਵੇ, ਉਹ ਆਪਣਾ ਝੰਡਾ ਹਜੂਨ ਵਿੱਚ ਗੱਡ ਦੇਣ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਆਉਣ ਤੱਕ ਜਗ੍ਹਾ ਨਾ ਛੱਡਣ। ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਫ਼ੌਜ ਦੇ ਸੱਜੇ ਹਿੱਸੇ 'ਤੇ ਨਿਯੁਕਤ ਸਨ, ਉਹਨਾਂ ਦੇ ਦਸਤੇ ਵਿੱਚ ਅਸਲਮ, ਸੁਲੈਮ, ਗ਼ਿਫ਼ਾਰ, ਮੁਜ਼ੈਨਾ, ਅਤੇ ਜੁਹੈਨਾ ਦੇ ਕ਼ਬੀਲੇ ਸ਼ਾਮਿਲ ਸਨ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਹਨਾਂ ਨੂੰ ਹੁਕਮ ਦਿੱਤਾ ਕਿ ਉਹ ਮੱਕਾ ਮੁਕੱਰਮਾ ਦੇ ਹੇਠਲੇ ਇਲਾਕ਼ੇ ਵਿੱਚ ਦਾਖ਼ਿਲ ਹੋਣ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਹਨਾਂ ਨੂੰ ਕ਼ਰੀਬੀ ਘਰਾਂ ਦੇ ਕੋਲ਼ ਝੰਡਾ ਗੱਡ ਦੇਣ ਦਾ ਹੁਕਮ ਦਿੱਤਾ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਬੂ ਉਬੈਦਾ ਬਿਨ ਜੱਰਾਹ ਰਜ਼ਿ ਅੱਲਾਹੁ ਅਨਹੁ ਦੀ ਨਿਯੁਕਤੀ ਪੈਦਲ ਦਸਤੇ 'ਤੇ ਕੀਤੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣੇ ਸਰਦਾਰਾਂ ਨੂੰ ਹੁਕਮ ਦੇ ਰੱਖਿਆ ਸੀ ਕਿ ਉਹ ਲੜਾਈ ਤੋਂ ਆਪਣੇ ਹੱਥ ਰੋਕ ਕੇ ਰੱਖਣ, ਸਿਰਫ਼ ਉਸ ਦੇ ਨਾਲ਼ ਜੰਗ ਕਰਨ ਜਿਹੜਾ ਉਹਨਾਂ ਦੇ ਨਾਲ਼ ਜੰਗ ਕਰੇ।

ਜਦ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਮੱਕੇ ਵਿੱਚ ਦਾਖ਼ਿਲ ਹੋਣ ਦੇ ਕ਼ਰੀਬ ਸਨ ਤਾਂ ਮੱਕੇ ਦੇ ਕੁੱਝ ਉੱਘੇ ਸਰਦਾਰ ਜਿਵੇਂ ਸਫ਼ਵਾਨ, ਇਕਰਮਾ ਅਤੇ ਸੁਹੈਲ ਨੇ ਮੁਸਲਮਾਨਾਂ ਨਾਲ਼ ਜੰਗ ਕਰਨ ਦੀ ਤਿਆਰੀ ਕੀਤੀ ਅਤੇ ਖ਼ਨਦਮਾ ਦੇ ਮੁਕ਼ਾਮ 'ਤੇ ਕ਼ੁਰੈਸ਼, ਬਨੂ ਬਕਰ ਅਤੇ ਹਜ਼ੀਲ ਦੇ ਲੋਕਾਂ ਨੂੰ ਜਮ੍ਹਾ ਕੀਤਾ। ਉਹ ਕ਼ਸਮਾਂ ਖਾ ਰਹੇ ਸਨ ਕਿ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਤਾਕ਼ਤ ਨਾਲ਼ ਮੱਕੇ ਵਿੱਚ ਦਾਖ਼ਿਲ ਨਹੀਂ ਹੋ ਸਕਣਗੇ। ਬਨੂ ਬਕਰ ਦਾ ਇੱਕ ਸ਼ਖ਼ਸ ਜਿਮਾਸ਼ ਬਿਨ ਕ਼ੈਸ ਵੀ ਬੜੀ ਹਉਮੈ ਨਾਲ਼ ਤਿਆਰ ਹੋਇਆ ਪਰ ਉਸ ਦੀ ਪਤਨੀ ਨੇ ਉਸ ਨੂੰ ਝਿੜਕਿਆ ਕਿ ਮੁਹੰਮਦ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਮੁਕ਼ਾਬਲਾ ਮੁਮਕਿਨ ਨਹੀਂ, ਫਿਰ ਵੀ ਉਹ ਖ਼ਨਦਮਾ ਗਿਆ। ਜਦ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਦੀ ਫ਼ੌਜ ਨੇ ਉਥੋਂ ਮੱਕੇ ਵਿੱਚ ਦਾਖ਼ਿਲ ਹੋਣਾ ਚਾਹਿਆ ਤਾਂ ਉਹਨਾਂ ਮੁਸ਼ਰਿਕਾਂ ਨੇ ਟਾਕਰਾ ਕੀਤਾ ਅਤੇ ਜੰਗ ਛਿੜ ਗਈ। ਨਤੀਜਾ ਇਹ ਹੋਇਆ ਕਿ ਬਨੂ ਬਕਰ ਦੇ ਵੀਹ ਅਤੇ ਹਜ਼ੀਲ ਦੇ ਤਿੰਨ ਜਾਂ ਚਾਰ ਲੋਕ ਮਾਰੇ ਗਏ ਅਤੇ ਦੁਸ਼ਮਣਾਂ ਨੂੰ ਬਦਤਰੀਨ ਹਾਰ ਹੋਈ ਅਤੇ ਉਹ ਹਰ ਪਾਸੇ ਖਿੱਲਰ ਗਏ। ਜਿਮਾਸ਼ ਬਿਨ ਕ਼ੈਸ ਵੀ ਮੈਦਾਨ ਛੱਡ ਕੇ ਭੱਜ ਕੇ ਘਰ ਪਹੁੰਚਿਆ ਅਤੇ ਆਪਣੇ ਪਤਨੀ ਨੂੰ ਕਿਹਾ ਕਿ ਬੂਹਾ ਬੰਦ ਕਰ ਦੇ। ਪਤਨੀ ਨੇ ਉਸਨੂੰ ਮਿਹਣਾ ਦਿੱਤਾ ਤਾਂ ਜਿਮਾਸ਼ ਨੇ ਸ਼ਰਮਿੰਦਗੀ ਨਾਲ਼ ਸ਼ਿਅਰ ਪੜ੍ਹੇ ਜਿਨ੍ਹਾਂ ਦਾ ਮਤਲਬ ਇਹ ਸੀ ਕਿ ਜੇਕਰ ਉਹ ਖ਼ਨਦਮਾ ਦੀ ਜੰਗ ਦੇਖ ਲੈਂਦੀ ਤਾਂ ਜਾਣ ਲੈਂਦੀ ਕਿ ਸਫ਼ਵਾਨ, ਇਕਰਮਾ ਸਭ ਭੱਜ ਚੁੱਕੇ ਸਨ ਅਤੇ ਤਲਵਾਰਾਂ ਉਹਨਾਂ ਦੇ ਸਿਰਾਂ 'ਤੇ ਵਰ੍ਹ ਰਹੀਆਂ ਸਨ।

ਬੁਖ਼ਾਰੀ ਵਿੱਚ ਹੈ ਕਿ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਦੇ ਘੋੜ ਸਵਾਰਾਂ ਵਿੱਚੋਂ ਦੋ ਸ਼ਖ਼ਸ ਮਾਰੇ ਗਏ। ਹੁਣ ਜਦ ਮੱਕੇ ਵਾਲੇ ਅਮਾਨ ਹਾਸਿਲ ਕਰ ਰਹੇ ਸਨ, ਅਜਿਹੇ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਆਪਣੇ ਜਾਨ ਨਿਸਾਰ, ਇਸ਼ਕ਼ ਕਰਨ ਵਾਲੇ, ਵਫ਼ਾਦਾਰ ਸਾਥੀਆਂ ਨੂੰ ਨਹੀਂ ਭੁੱਲੇ ਸਨ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਯਕ਼ੀਨਨ ਕੁੱਝ ਸਾਲ ਪਹਿਲਾਂ ਮੱਕੇ ਦੀਆਂ ਹੀ ਗਲੀਆਂ ਵਿੱਚ ਕੀਤੇ ਜਾਣ ਵਾਲੇ ਜ਼ੁਲਮ ਅਤੇ ਸਿਤਮ ਵੀ ਯਾਦ ਆ ਰਹੇ ਹੋਣਗੇ। ਉਹ ਬਿਲਾਲ ਰਜ਼ਿ ਅੱਲਾਹੁ ਅਨਹੁ ਵੀ ਜਿਸ ਨੂੰ ਰੱਸੀਆਂ ਨਾਲ ਬੰਨ੍ਹ ਕੇ ਇਨ੍ਹਾਂ ਪਥਰੀਲੀ ਗਲੀਆਂ ਵਿੱਚ ਘਸੀਟਿਆ ਜਾਇਆ ਕਰਦਾ ਸੀ, ਅੱਜ ਉਹ ਬਿਲਾਲ ਇਸ ਫਤਿਹਮੰਦ ਫ਼ੌਜ ਵਿੱਚ ਸ਼ਾਮਿਲ ਸੀ। ਉਸ ਦੇ ਦਿਮਾਗ਼ ਵਿੱਚ ਵੀ ਜ਼ੁਲਮ ਅਤੇ ਸਿਤਮ ਦੇ ਸਾਰੇ ਨਜ਼ਾਰੇ ਤਾਜ਼ੇ ਹੋ ਚੁੱਕੇ ਹੋਣਗੇ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਸ ਦਾ ਇੰਤਿਕ਼ਾਮ ਲੈਣਾ ਵੀ ਜ਼ਰੂਰੀ ਸਮਝਿਆ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕਿਸ ਖ਼ੂਬਸੂਰਤੀ ਨਾਲ ਇੰਤਿਕ਼ਾਮ ਲਿਆ। ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਫ਼ਤਹਿ ਮੱਕਾ ਦੇ ਮੌਕ਼ੇ 'ਤੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਦੇ ਭਰਾ ਅਬੀ ਰੁਵੈਹਾ ਰਜ਼ਿ ਅੱਲਾਹੁ ਅਨਹੁ ਨੂੰ ਝੰਡਾ ਦਿੱਤਾ ਅਤੇ ਐਲਾਨ ਕੀਤਾ ਕਿ ਜਿਹੜਾ ਇਸ ਝੰਡੇ ਦੇ ਥੱਲੇ ਆ ਜਾਵੇਗਾ ਉਸਨੂੰ ਅਮਨ ਦਿੱਤਾ ਜਾਵੇਗਾ, ਨਾਲ ਹੀ ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਨੂੰ ਹੁਕਮ ਦਿੱਤਾ ਕਿ ਉਹ ਆਪ ਮੱਕੇ ਦੀਆਂ ਗਲੀਆਂ ਵਿੱਚ ਜਾ ਕੇ ਇਹ ਐਲਾਨ ਕਰਨ। ਇਹ ਕ਼ਦਮ ਇੱਕ ਗਹਿਰੀ ਹਿਕਮਤ ਅਤੇ ਬੁਲੰਦ ਇਸਲਾਮੀ ਅਖ਼ਲਾਕ਼ ਦਾ ਨਮੂਨਾ ਸੀ। ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਉਹੀ ਸ਼ਖ਼ਸ ਸਨ ਜਿਨ੍ਹਾਂ ਨੂੰ ਮੱਕੇ ਦੀਆਂ ਇਨ੍ਹਾਂ ਗਲੀਆਂ ਵਿੱਚ ਜ਼ੁਲਮ ਅਤੇ ਸਿਤਮ ਦਾ ਨਿਸ਼ਾਨਾ ਬਣਾਇਆ ਗਿਆ ਸੀ। ਲੇਕਿਨ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਬਦਲਾ ਤਲਵਾਰ ਨਾਲ ਨਹੀਂ ਲਿਆ ਬਲਕਿ ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਨੂੰ ਐਲਾਨਿ ਅਮਨ ਦਾ ਨੁਮਾਇੰਦਾ ਬਣਾ ਦਿੱਤਾ। ਇਸ ਅਮਲ ਨਾਲ ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਦੇ ਦਿਲ 'ਚੋਂ ਇੰਤਿਕ਼ਾਮ ਦੀ ਅੱਗ ਮੁਹੱਬਤ ਅਤੇ ਅਜ਼ਮਤ ਵਿੱਚ ਬਦਲ ਗਈ। ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਉਸ ਲਮਹੇ ਮਹਿਸੂਸ ਕਰ ਰਹੇ ਹੋਣਗੇ ਕਿ ਉਹ ਜੋ ਕਦੀ ਗ਼ੁਲਾਮ ਸਨ ਅਤੇ ਜ਼ਿੱਲਤ ਦਾ ਨਿਸ਼ਾਨਾ ਬਣਦੇ ਸਨ, ਅੱਜ ਉਹਨਾਂ ਲੋਕਾਂ ਨੂੰ ਅਮਨ ਦੀ ਪਨਾਹ ਦੇ ਰਹੇ ਹਨ। ਇਹ ਬਦਲਾ ਹਜ਼ਰਤ ਯੂਸਫ਼ ਅਲੈਹਿੱਸ੍ ਸਲਾਮ ਦੇ ਬਦਲੇ ਤੋਂ ਵੀ ਜ਼ਿਆਦਾ ਅਜ਼ੀਮ ਸੀ ਕਿਉਂਕਿ ਹਜ਼ਰਤ ਯੂਸਫ਼ ਅਲੈਹਿੱਸ੍ ਸਲਾਮ ਨੇ ਭਰਾਵਾਂ ਨੂੰ ਮੁਆਫ਼ ਕੀਤਾ ਜਦਕਿ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣੀ ਕ਼ੌਮ ਨੂੰ ਇੱਕ ਗ਼ੁਲਾਮ ਦੇ ਵਸੀਲੇ ਨਾਲ ਮੁਆਫ਼ ਕੀਤਾ। ਇਹ ਅਮਲ ਨਾ ਸਿਰਫ਼ ਇਸਲਾਮੀ ਅਦਲ ਅਤੇ ਰਹਿਮ ਦੀ ਉਚੇਰੀ ਮਿਸਾਲ ਸੀ ਬਲਕਿ ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਵਰਗੇ ਕਮਜ਼ੋਰ ਅਤੇ ਮਜ਼ਲੂਮ ਸ਼ਖ਼ਸ ਦੀ ਬੇਮਿਸਾਲ ਇੱਜ਼ਤ ਅਫ਼ਜ਼ਾਈ ਵੀ ਜਿਹੜੀ ਦੁਨਿਆ ਦੇ ਇਤਿਹਾਸ ਵਿੱਚ ਹਮੇਸ਼ਾ ਯਾਦ ਰੱਖੀ ਜਾਵੇਗੀ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਬਸ ਇਹ ਹੈ ਸਾਡੇ ਪਿਆਰੇ ਆਕ਼ਾ ਦਾ ਬਦਲਾ ਲੈਣ ਦਾ ਤਰੀਕ਼ਾ ۞ أَللّٰهُمَّ صَلِّ عَلٰى مُحَمَّدٍ وَّ عَلٰٓى اٰلِ مُحَمَّدٍ وَّ بَارِكْ وَ سَلِّمْ ۞ إِنَّكَ حَمِيْدٌ مَّجِيْدٌ ۞ ਅਤੇ ਫ਼ਰਮਾਇਆ ਕਿ ਇਹ ਮੱਕੇ ਵਿੱਚ ਦਾਖ਼ਿਲ ਹੋਣ ਦਾ ਸ਼ੁਰੂਆਤੀ ਬਿਆਨ ਹੈ। ਇਹ ਇੰਨਸ਼ਾ ਅੱਲਾਹ ਆਇੰਦਾ ਵੀ ਬਿਆਨ ਹੋਵੇਗਾ।

ਖ਼ੁਤਬੇ ਦੇ ਆਖ਼ਿਰ 'ਤੇ ਹਜ਼ੂਰ ਅਨਵਰ ਨੇ ਮੁਕੱਰਮਾ ਅਮੀਨਾ ਸ਼ਹਿਨਾਜ਼ ਸਾਹਿਬਾ ਪਤਨੀ ਮੁਕੱਰਮ ਇਨਆਮੁੱਲਾਹ ਸਾਹਿਬ ਆਫ਼ ਲਾਹੌਰ ਦਾ ਜ਼ਿਕਰਿ ਖ਼ੈਰ ਕਰਦੇ ਹੋਏ ਨਮਾਜ਼ ਦੇ ਬਾਅਦ ਉਨ੍ਹਾਂ ਦਾ ਨਮਾਜ਼ਿ ਜਨਾਜ਼ਾ ਗ਼ਾਇਬ ਅਦਾ ਕਰਨ ਦਾ ਵੀ ਐਲਾਨ ਫ਼ਰਮਾਇਆ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞